بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.10.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜੋ ਰੱਬ ਦਾ ਹੋਕੇ ਸੰਘਰਸ਼ ਕਰਦਾ ਹੈ ਉਸ'ਤੇ ਰੱਬ ਆਪਣੇ ਦਰ ਖੋਲ ਦਿੰਦਾ ਹੈ ਜੋ ਜਤਨ ਕਰਦੇ ਹਨ, ਇਸ ਚਿੰਤਾ ਵਿੱਚ ਰੱਹਿੰਦੇ ਹਨ ਕਿ ਰੱਬ ਦੇ ਸਹੀ ਧਰਮ ਦੀ ਭਾਲ ਕਰਨ ਉਸ ਨੂੰ ਪਾਉਣ ਦਾ ਜਤਨ ਕਰਨ ਫਿਰ ਉਹ ਸੁਮਾਰਗ ਪਾ ਲੈਂਦੇ ਹਨ, ਇਮਾਨ ਵਿੱਚ ਵੀ ਵਧੱਦੇ ਹਨ, ਹੋਰ ਵਧੇਰੇ ਤਰੱਕੀ ਕਰਦੇ ਚਲੇ ਜਾਂਦੇ ਹਨ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਅਕਤੂਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਮੈਂ ਸਮੇਂ ਸਮੇਂ ਲੋਕਾਂ ਦੇ ਅਹਮਦੀ ਹੋਣ ਦੇ ਕਿੱਸੇ ਵਰਨਣ ਕਰਦਾ ਰਹਿੰਦਾ ਹਾਂ । ਬਹੁਤ ਸਾਰੇ ਲੋਕ ਮੈਂਨੂੰ ਲਿਖੱਦੇ ਹਨ ਕਿ ਅਜਿਹੇ ਕਿੱਸੇ ਸੁਣਾਉਂਦੇ ਰਿਹਾ ਕਰਨ ਕਿਉਂਕਿ ਇਹ ਗਲੱਾਂ ਦਿਲਚਸਪ ਹੋਣ ਕਰਕੇ ਸਾਡਿਆਂ ਬੱਚਿਆਂ ਦਾ ਧਿਆਨ ਵੀ ਖਿਚੱਦੀਆਂ ਹਨ । ਨੌਜੁਆਨਾ ਦੀ ਧਾਰਮਕ ਅਤੇ ਆਤਮਕ ਅਵਸਥਾ ਵਿੱਚ ਬਿਹਤਰੀ ਦਾ ਸਬਬ ਬਣਦੀਆਂ ਹਨ, ਖ਼ੁਦ ਆਪਣੀਆਂ ਹਾਲਤਾਂ ਵਿੱਚ ਤਰੱਕੀ ਦਾ ਸਬਬ ਬਣਦੀਆਂ ਹਨ । ਕਈ ਪੈਦਾਇਸ਼ੀ ਅਹਮਦੀ ਲਿਖੱਦੇ ਹਨ ਕਿ ਨਵੇਂ ਆਉਣ ਵਾਲਿਆਂ ਦੀ ਇਹ ਇਮਾਨੀ ਹਾਲਤ ਅਤੇ ਰੱਬ ਨਾਲ ਸੰਬੰਧ ਸਾਨੂੰ ਸ਼ਰਮਿੰਦਿਆਂ ਕਰ ਰਿਹਾ ਹੁੰਦਾ ਹੈ ਅਤੇ ਧਿਆਨ ਦੁਆ ਰਿਹਾ ਹੁੰਦਾ ਹੈ ਕਿ ਅਸੀਂ ਵੀ ਇਮਾਨ ਵਿੱਚ ਵਧੱਣ ਦਾ ਜਤਨ ਕਰੀਏ । ਇਸੇ ਪ੍ਰਕਾਰ ਕਈ ਨਵੇਂ ਅਹਮਦੀ ਵੀ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਇਹਨਾ ਗਲੱਾਂ ਨਾਲ ਸਾਡੇ ਇਮਾਨ ਵਿੱਚ ਵਾਧਾ ਹੁੰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਫ਼ਰਮਾਉਂਦੇ ਹਨ (وَالَّذِیۡنَ جَاھَدُوۡا فِیۡنَا لَنَھۡدِیَنَّھُمۡ سُبُلَنَا) 'ਵਲੱਜ਼ੀਨਾ ਜਾਹਾਦੂ ਫ਼ੀਨਾ ਲ-ਨਹਦੀਯਨੱਾਹੁਮ ਸੁਬੁਲਾਨਾ' ਜੋ ਰੱਬ ਦਾ ਹੋਕੇ ਸੰਘਰਸ਼ ਕਰਦਾ ਹੈ, ਉਸ'ਤੇ ਰੱਬ ਆਪਣੇ ਦਰ ਖੋਲ ਦਿੰਦਾ ਹੈ । ਸੋ, ਜੋ ਜਤਨ ਕਰਦੇ ਹਨ, ਇਸ ਚਿੰਤਾ ਵਿੱਚ ਰਹਿੰਦੇ ਹਨ ਕਿ ਰੱਬ ਦੇ ਸਹੀ ਧਰਮ ਦੀ ਭਾਲ ਕਰਨ ਉਸ ਨੂੰ ਪਾਉਣ ਦਾ ਜਤਨ ਕਰਨ ਫਿਰ ਓਹ ਸੁਮਾਰਗ ਵੀ ਪਾਉਂਦੇ ਹਨ ਇਮਾਨ ਵਿੱਚ ਵੀ ਵਧੱਦੇ ਹਨ ਹੋਰ ਵਧੇਰੇ ਤਰੱਕੀ ਵੀ ਕਰਦੇ ਚਲੇ ਜਾਂਦੇ ਹਨ । ਕਈ ਲੋਕਾਂ'ਤੇ ਰੱਬ ਉਹਨਾਂ ਦੀਆਂ ਨੇਕੀਆਂ ਕਰਕੇ ਮਿਹਰ ਕਰਦਾ ਹੈ ਅਤੇ ਉਹਨਾਂ ਨੂੰ ਮਾਰਗ

ਦਿਖਾਉਂਦਾ ਹੈ । ਜੋ ਗਲੱਾਂ ਅਸੀਂ ਵਰਨਣ ਕਰਦੇ ਹਾਂ ਉਹ ਅਜਿਹੇ ਲੋਕਾਂ ਦੀਆਂ ਹੀ ਇਮਾਨ ਵਧਾਊ ਗਲੱਾਂ ਹਨ ਜੋ ਇਸ ਜਤਨ ਵਿੱਚ ਹੁੰਦੇ ਹਨ ਕਿ ਕਿਵੇਂ ਸਾਨੂੰ ਸਹੀ ਮਾਰਗ ਮਿਲੇ, ਜਿੰਨ੍ਹਾ'ਤੇ ਰੱਬ ਦੀ ਵਿਸ਼ੇਸ਼ ਮਿਹਰ ਹੁੰਦੀ ਹੈ ਉਹਨਾਂ ਦੀ ਕਿਸੇ ਨੇਕੀ ਕਰਕੇ ।

ਹਜ਼ੂਰ ਅਨਵਰ ਨੇ ਅਹਮਦੀਅਤ ਕੁਬੂਲ ਕਰਨ ਦੀਆਂ ਗਲੱਾਂ ਸੁਣਾਉਂਦਿਆਂ ਹੋਇਆ ਫ਼ਰਮਾਇਆ ਕਿ : ਫ਼੍ਰਾਂਸ ਦੀ ਇਕ ਇਸਤਰੀ ਆਸੀਯਾ ਸਾਹਿਬਾ ਕਹਿੰਦੀ ਹਨ ਕਿ ਇਕ ਦਿਨ ਇੰਟਰਨੈਟ ਉਪੱਰ ਜੱਦ ਪ੍ਰਤੀਦਿਨਚਰਜਾ ਵਾਂਗ ਕੁਝ ਨਵੇਂ ਚੈਨਲਜ਼ ਦੇਖ ਰਹੀ ਸੀ ਕਿ ਮੈਂਨੂੰ 'ਹਵਾਰੁਲ ਮੁਬਾਸ਼ਰ' (ਅਰਬੀ ਪ੍ਰੋਗਰਾਮ) ਦਾ ਲਿੰਕ ਮਿਲ ਗਿਆ ਜਿੱਥੇ ਵਫ਼ਾਤੇ ਮਸੀਹ ਦਾ ਵਿਸ਼ੇ ਚਲ ਰਿਹਾ ਸੀ ਅਤੇ ਮੈਂ ਹਰ ਪ੍ਰਕਾਰ ਦੇ ਸ਼ੰਕੇ ਤੇ ਭਰਮ ਤੋਂ ਖਾਲੀ ਵਿਸ਼ਵਾਸ ਨਾਲ ਭਰਪੂਰ ਸਤਿਕਾਰ ਯੋਗ ਢੰਗ ਨਾਲ ਠੋਸ ਤੇ ਅਕਟ ਦਲੀਲਾਂ ਸੁਣਕੇ ਹੈਰਾਨ ਰਹਿ ਗਈ । ਕਹਿੰਦੀ ਹਨ, ਇਸ ਤੋਂ ਕੁਛ ਦਿਨ ਪਹਿਲਾਂ ਮੈਂ ਸੁਪਨੇ ਵਿੱਚ ਦੇਖਿਆ ਸੀ ਕਿ ਮੈਂ ਇਕ ਹਨ੍ਹੇਰੇ ਖੂਹ ਵਿੱਚ ਡਿਗੱਣ ਵਾਲੀ ਹਾਂ ਅਤੇ ਮੈਂ ਖੂਹ ਦੀ ਮੰਡੇਰ ਨੂੰ ਦੋਹਾਂ ਹਥੱਾਂ ਨਾਲ ਜ਼ੋਰ ਨਾਲ ਫੜਿਆ ਹੋਇਆ ਹੈ ਅਤੇ ਲਤੱਾਂ ਹੇਠਾਂ ਨੂੰ ਲਮਕੀਆਂ ਹਨ । ਅਚਨਚੇਤ ਉਪੱਰ ਨੂੰ ਦੇਖਿਆ ਤਾਂ ਮੈਂਨੂੰ ਤਿੰਨ ਚਾਰ ਚਿੱਟੇ ਪੰਛੀ ਦਿਖਾਈ ਦਿੱਤੇ ਜਿੰਨ੍ਹਾ ਦਾ ਰੰਗ ਬਹੁਤ ਚਿਟੱਾ ਸੀ ਪਰ ਮੈਂਨੂੰ ਨਹੀਂ ਪਤਾ ਕਿ ਉਹ ਕੌਣ ਹਨ । ਉਹ ਪੰਛੀ ਮੈਂਨੂੰ ਬਚਾਉਣ ਦੇ ਜਤਨ ਵਿੱਚ ਸਨ । ਕਹਿੰਦੀ ਹਨ ਅਰੰਭ ਵਿੱਚ ਮੈਂਨੂੰ ਇਸ ਸੁਪਨੇ ਦੀ ਸਮਝ ਨਹੀਂ ਆਈ ਪਰ ਬਾਦ ਵਿੱਚ ਪਤਾ ਲਗੱਾ ਕਿ ਇਹ ਤਾਂ 'ਹਵਾਰ' ਦੇ ਪੈਨਲ ਦੇ ਮੈਂਬਰ ਹਨ ਜੋ ਪੰਛੀਆਂ ਦੇ ਰੂਪ ਵਿੱਚ ਦਿਖਾਏ ਗਏ ਹਨ । ਮੈਂ ਜਮਾਤ ਦੀਆਂ ਕਿਤਾਬਾਂ ਵਿਸ਼ੇਸ਼ ਰੂਪ ਵਿੱਚ ਹਜ਼ਰਤ ਮਸੀਹ ਮੌਊਦ ਅਲੈਅਹਿਸ ਸਲਾਮ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਦਾ ਫ਼ੈਸਲਾ ਕੀਤਾ, ਜਿੰਨ੍ਹਾ ਵਿੱਚ ਮੈਂਨੂੰ ਕੋਈ ਵੀ ਇਸਲਾਮ ਦੇ ਵਿਰੁਧ ਗੱਲ ਦਿਖਾਈ ਨਹੀਂ ਦਿੱਤੀ ਸਗੋਂ ਇਸ ਦੇ ਵਿਪਰੀਤ ਮੈਂ ਆਪ ਦੇ ਪਵਿੱਤਰ ਵੁਜੂਦ ਵਿੱਚ ਇਸਲਾਮ, ਮੁਸਲਮਾਨ ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਪੂਰੀ ਤਾਕਤ ਨਾਲ ਬਚਾਓ ਕਰਨ ਵਾਲਾ ਝੂਠ ਨੂੰ ਮਾਰ ਮੁਕਾਉਣ ਵਾਲਾ ਦਿਖਾਈ ਦਿੱਤਾ ਜੋ ਇਹਨਾਂ ਕਿਤਾਬਾਂ ਰਾਹੀਂ ਇਸਲਾਮ ਦੇ ਦੁਸ਼ਮਣਾ ਉਪੱਰ ਇਸਲਾਮ ਦਾ ਰੁਹਬ ਕਾਇਮ ਕਰਦਾ ਹੈ । ਕਹਿੰਦੀ ਹਨ ਫਿਰ ਮੈਂ ਇਸਤਿਖ਼ਾਰਾ ਕੀਤਾ ਅਤੇ ਬੈਅਤ ਕਰ ਲਈ ।

ਇਕ ਇਸਤਰੀ ਹਨ ਤੁਰਕੀ ਵਿੱਚ ਮੀਰਾ ਸਾਹਿਬਾ, ਉਹ ਕਹਿੰਦੀ ਹਨ ਕਿ ਮੈਂ ਆਪਣੀ ਬੈਅਤ ਦਾ ਵਿਸਥਾਰ ਅਰਜ਼ ਕਰਨਾ ਚਾਹੁੰਦੀ ਹਾਂ । 2010 ਈ. ਵਿੱਚ ਜਮਾਤ ਨਾਲ ਪਰੀਚੇ ਹੋਇਆ, ਸ਼ਾਮਲ ਹੋਣ ਦਾ ਸੰਜੋਗ ਪ੍ਰਾਪਤ ਹੋਇਆ। ਮੈਂ ਦੇਖਿਆ ਕਿ ਮੇਰੇ ਪਤੀ ਐਮ.ਟੀ.ਏ. ਅਲ ਅਰਬੀਯਾ ਬਹੁਤ ਸ਼ੌਕ ਨਾਲ ਦੇਖਿਆ ਕਰਦੇ ਸਨ, ਇਉਂ ਮੈਂ ਵੀ ਦੇਖਣ ਲੱਗੀ ਅਤੇ ਕਈ ਵਾਰ ਉਹਨਾ ਦੇ ਮੌਜੂਦ ਨ ਹੁੰਦਿਆਂ ਹੋਇਆ ਵੀ ਐਮ.ਟੀ.ਏ. ਦੇਖਦੀ ਰਹਿੰਦੀ ਸੀ । ਫਿਰ ਦਜੱਾਲ ਬਾਰੇ ਜਮਾਤ ਦੀ ਤਿਆਰ ਕੀਤੀ ਫਿਲਮ ਦੇਖੀ ਅਤੇ ਵਿਆਖਿਆ ਬਹੁਤ ਹੀ ਤਰਕਪੂਰਨ ਤੇ ਢੁਕਵੀਂ ਲੱਗੀ ਜੋ ਪਹਿਲਾਂ ਕਦੇ ਨਹੀਂ ਸੁਣੀ ਸੀ । ਫਿਰ ਹੋਰ ਐਮ.ਟੀ.ਏ. ਦੇਖਣ ਲੱਗ ਗਈ ਅਤੇ 'ਹਵਾਰ' ਦੇ ਪ੍ਰੋਗਰਾਮ ਦੇਖੇ ਅਤੇ ਤਹਜੁੱਦ ਨਿਰੰਤਰਤਾ ਨਾਲ ਪੜ੍ਹਨ ਲੱਗੀ । ਇਸ ਦੇ ਬਾਦ ਇਕ ਵਾਰ ਅਬਦੁਲ ਕਾਦਰ ਓਦੇ ਸਾਹਬ ਨੇ ਦੌਰਾ ਕੀਤਾ ਤਾਂ ਮੈਂ ਬੈਅਤ ਕਰ ਲਈ । ਫਿਰ ਮੈਰੀ ਨੂਹ ਅਤੇ ਬੇਟੀਆਂ ਨੇ ਵੀ ਬੈਅਤ ਕਰ ਲਈ । ਅਸੀਂ ਜਮਾਤ ਦੇ ਵਿਸ਼ਿਆਂ ਉਪੱਰ ਵਿਚਾਰ ਵਟਾਂਦਰਾ ਕਰਿਆ ਕਰਦੇ ਅਤੇ ਕਹਿੰਦੇ ਕਿ ਇਹ ਹਕੀਕੀ ਇਸਲਾਮ ਹੈ । ਕਹਿੰਦੀ ਹਨ ਕਿ ਜਿਸ ਦਿਨ ਮੈਂ ਬੈਅਤ ਕੀਤੀ ਮੈਂ ਸੁਪਨੇ ਵਿੱਚ ਦੇਖਿਆ ਕਿ ਸੂਰਤ ਕਹਫ਼ ਦੀ ਆਇਤ ਪੜ੍ਹ ਰਹੀ ਹਾਂ, ਇਸ'ਤੇ ਮੈਂਨੂੰ ਵਿਸ਼ਵਾਸ਼ ਹੋ ਗਿਆ ਕਿ ਰੱਬ ਸਾਨੂੰ ਦਜੱਾਲ ਦੀ ਸ਼ਰਾਰਤ ਤੋਂ

ਬਚਾਏਗਾ ਅਤੇ ਮੈਂ ਇਮਾਮ ਮਹਦੀ ਦੇ ਸਹਾਇਕਾਂ ਵਿੱਚੋਂ ਬਣਾਗੀ । ਰੱਬ ਦਾ ਸ਼ੁਕਰ ਹੈ ਕਿ ਉਸ ਨੇ ਇਮਾਨ ਬਖ਼ਸ਼ਿਆ । ਰੱਬ ਕਰੇ ਕਿ ਮੈਂ ਇਸ ਜ਼ਿੱਮੇਦਾਰੀ ਨੂੰ ਪੂਰਾ ਕਰਨ ਵਾਲੀ ਹੋਵਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਵੀਆਂ ਜਮਤਾਂ ਦੇ ਕਾਇਮ ਹੋਣ ਦੀਆਂ ਕੁਝ ਘਟਨਾਵਾਂ ਹੁੰਦੀਆਂ ਹਨ ਕਿ ਕਿਵੇਂ ਰੱਬ ਨਵੀਆਂ ਜਮਾਤਾਂ ਕਾਇਮ ਕਰਦਾ ਹੈ । ਅਬਦੁਲ ਕੁਦੂੱਸ ਸਾਹਬ ਮੁਬਲੱਗ਼ ਬੈਨਿਨ ਲਿਖੱਦੇ ਹਨ ਕਿ ਮੁਅਲੱਮ ਜ਼ਕਰੀਯਾ ਇਕ ਪਿੰਡ ਵਿੱਚ ਪ੍ਰਚਾਰ ਲਈ ਗਏ ਓਥੇ ਇਕ ਮਿਤੱਰ ਨੇ ਕਿਹਾ ਕਿ ਇਸ ਸਮੇਂ ਲੋਕ ਕੰਮ ਕਾਜ ਲਈ ਪਿੰਡੋ ਬਾਹਰ ਹਨ, ਆਪ ਜੁਮਏ ਦੇ ਦਿਨ ਆਉਣ, ਉਸ ਸਮੇਂ ਲੋਕ ਇਧੱਰ ਹੋਣਗੇ, ਇਉਂ ਮੁਅਲੱਮ ਸਾਹਬ ਜੁਮਏ ਦੇ ਦਿਨ ਮੁੜ੍ਹ ਪਿੰਡ ਗਏ ਤਾਂ ਮੁਅਲੱਮ ਸਾਹਬ ਨੇ ਮਸਜਿਦ ਵਿੱਚ ਦਾਖ਼ਲ ਹੋਣ ਦੇ ਬਾਦ ਦੋ ਨਫ਼ਲ ਪੜ੍ਹੇ ਅਤੇ ਇਮਾਮ ਸਾਹਬ ਤੇ ਉਸ ਪਿੰਡ ਦੀ ਕਮੇਟੀ ਦੇ ਅਗਿਆ ਨਾਲ ਪ੍ਰਚਾਰ ਸ਼ੁਰੂ ਕੀਤਾ । ਮੁਅਲੱਮ ਸਾਹਬ ਨੇ ਸੂਰਤ ਫ਼ਾਤਿਹਾ ਦੀ ਵਿਆਖਿਆ ਅਤੇ ਇਮਾਮ ਮਹਦੀ ਦੇ ਆਉਣ ਬਾਰੇ ਭਾਸ਼ਣ ਦਿੱਤਾ ਅਤੇ ਲੋਕ ਭਾਸ਼ਣ ਵਿੱਚ ਅਲੱਾਹੁ ਅਕਬਰ ਦੇ ਨਾਰੇ ਲਾਉਂਦੇ ਰਹੇ । ਜੱਦ ਪ੍ਰਚਾਰ ਖ਼ਤਮ ਹੋਇਆ ਤਾਂ ਉਹਨਾਂ ਦੀ ਮਸਜਿਦ ਕਮੇਟੀ ਦੇ ਸਦਰ ਸਾਹਬ ਕਹਿਣ ਲੱਗੇ ਕਿ ਮੈਂ ਮੁਸਲਮਾਨ ਪੈਦਾ ਹੋਇਆ ਹਾਂ ਪਰ ਅੱਜ ਤੱਕ ਮੈਂ ਸੂਰਤ ਫ਼ਾਤਿਹਾ ਦੀ ਅਜਿਹੀ ਵਿਆਖਿਆ ਨਹੀਂ ਸੁਣੀ ਜੇਕਰ ਜਮਾਤ ਅਹਮਦੀਆ ਦੀ ਇਹੋ ਸਿੱਖਿਆ ਹੈ ਤਾਂ ਫਿਰ ਮੈਂ ਸਾਰਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਸੀਂ ਇਸ ਜਮਾਤ ਨੂੰ ਕੁਬੂਲ ਕਰਦੇ ਹਾਂ । ਇਉਂ ਇਮਾਮ ਸਮੇਤ ਇਸ ਪਿੰਡ ਦੀ ਮੁਸਲਿਮ ਤੰਜ਼ੀਮ ਦੇ ਸਾਰਿਆਂ ਲੋਕਾਂ ਨੇ ਜਮਾਤ ਅਹਮਦੀਆ ਨੂੰ ਕੁਬੂਲ ਕਰ ਲਿਆ ਅਤੇ ਇਸ ਪ੍ਰਕਾਰ ਇਕ ਨਵੀ ਜਮਾਤ ਦੀ ਸਥਾਪਨਾ ਹੋਈ ।

ਨਵੀਂ ਜਮਾਤ ਦੀ ਸਥਾਬਨਾ ਦੇ ਸੰਬੰਧ ਵਿੱਚ ਇਕ ਹੋਰ ਘਟਨਾ ਹੈ ਜੋ ਅਰੂਸ਼ਾ ਰੀਜਨ ਦਾ ਹੈ । ਮੁਰੱਬੀ ਸਾਹਬ ਕਹਿੰਦੇ ਹਨ ਕਿ ਰੱਬ ਦੀ ਮਿਹਰ ਨਾਲ ਇਕ ਨਵੇਂ ਖੇਤਰ ਵਿੱਚ ਅਹਮਹਦੀਅਤ ਦੀ ਸਥਪਨਾ ਹੋਈ ਹੈ । ਸਾਮੇ ਜ਼ਿਲੇ ਦੇ ਇਕ ਪਿੰਡ ਕਸਵਾਨੀ ਵਿੱਚ ਪਹਿਲਾਂ ਕੋਈ ਅਹਮਦੀ ਨਹੀਂ ਸੀ । ਇੱਥੇ ਵਾਰ ਵਾਰ ਦੌਰੇ ਕਰਨ ਦੀ ਤੌਫ਼ੀਕ ਮਿਲੀ ਵਾਹਵਾ ਪੰਫ਼ਲੈਟ ਵੰਡੇ ਗਏ ਇਸੇ ਪ੍ਰਕਾਰ ਜਮਾਤੀ ਅਖ਼ਬਾਰਾਂ ਤੇ ਕਿਤਾਬਾਂ ਵੀ ਇਸ ਪਿੰਡ ਵਿੱਚ ਵੰਡੀਆਂ ਗਈਆਂ ਜਿਸ ਦੇ ਸਿੱਟੇ ਵਿੱਚ ਹੁਣ ਰੱਬ ਦੀ ਮਿੲਰ ਨਾਲ ਨ ਕੇਵਲ ਬੈਅਤਾਂ ਹੋਣੀਆਂ ਸ਼ੁਰੂ ਹੋਈਆਂ ਹਨ ਸਗੋਂ ਬਕਾਇਦਗੀ ਨਾਲ ਜਮਾਤ ਦੀ ਸਥਾਪਨਾ ਹੋ ਚੁਕੀ ਹੈ ਅਤੇ ਰੱਬ ਦੀ ਮਿਹਰ ਨਾਲ ਮਸਜਿਦ ਲਈ ਪਲਾਟ ਖ਼ਰੀਦਿਆ ਜਾ ਰਿਹਾ ਹੈ ਅਤੇ ਲੋਕਲ ਜਮਾਤੀ ਲੋਕ ਮਸਜਿਦ ਦੀ ਉਸਾਰੀ ਲਈ ਆਪ ਇਟੱਾਂ ਤਿਆਰ ਕਰ ਰਹੇ ਹਨ ਪਰ ਇਸ ਦੇ ਨਾਲ ਨਾਲ ਦੂਜਿਆਂ ਮੁਸਲਮਾਨਾਂ ਵੱਲੋਂ ਵਿਰੋਧਤਾ ਵੀ ਸ਼ੁਰੂ ਹੋ ਗਈ ਹੈ । ਜਮਾਤ ਦੇ ਵਿਰੁਧ ਖ਼ੌਫ਼ ਫ਼ੈਲਾਉਣ ਤੇ ਬੇਹੁਦਗੀਆਂ ਕਰਨ ਲੱਗ ਗਏ ਹਨ ਕਹਿੰਦੇ ਹਨ ਅਸੀਂ ਪ੍ਰਬੰਧਕਾਂ ਤੋਂ ਆਗਿਆ ਲੈਕੇ ਪਿੰਡ ਵਿੱਚ ਮੁਨਾਜ਼ਰੇ ਦਾ ਪ੍ਰਬੰਧ ਕੀਤਾ । ਸਾਰੇ ਪਿੰਡ ਵਿੱਚ ਐਲਾਨ ਕੀਤਾ ਅਤੇ ਸੁੰਨੀ ਮੌਲਵੀਆਂ ਨੂੰ ਦਾਅਵਤ ਦਿੱਤੀ ਕਿ ਜੇਕਰ ਉਹ ਸਮਝਦੇ ਹਨ ਕਿ ਉਹ ਸੱਚੇ ਹਨ ਤਾਂ ਆਉਣ ਅਤੇ ਸਾਰਿਆਂ ਦੇ ਸਾਹਮਣੇ ਗੱਲ ਕਰ ਲੈਂਣ । ਇਉਂ ਤੈਅ ਪ੍ਰੋਗਰਾਮ ਅਨੁਸਾਰ ਮੁਨਾਜ਼ਰਾ (ਤਰਕ ਵਿਤਰਕ) ਆਯੋਜਤ ਹੋਇਆ ਅਤੇ ਬਹੁਤ ਸਾਰੇ ਗ਼ੈਰ ਅਹਮਦੀ ਲੋਕ ਵੀ ਇਸ ਵਿੱਚ ਸ਼ਮਾਲ ਹੋਏ ਪਰ ਸੁੰਨੀ ਮੌਲਵੀਆਂ ਵਿੱਚੋਂ ਕੋਈ ਵੀ ਹਾਜ਼ਰ ਨ ਹੋਇਆ । ਇਸ ਪ੍ਰਕਾਰ ਲੋਕਾਂ ਨੂੰ ਪਤਾ ਲੱਗ ਗਿਆ ਕਿ ਮੌਲਵੀਆਂ ਕੋਲ ਕੇਵਲ ਸ਼ਰਾਰਤਾਂ ਫ਼ੈਲਾਉਣ ਦੇ ਹੋਰ ਕੁਝ ਨਹੀਂ ਹੈ ।

ਬੁਰਕੀਨਾ ਫ਼ਾਸੋ ਨੇ ਅਮੀਰ ਸਾਹਬ ਲਿਖੱਦੇ ਹਨ ਕਿ ਇਕ ਪਿੰਡ ਨਾਬੇਰ ਵਿੱਚ ਪ੍ਰਚਾਰ ਕੀਤਾ ਗਿਆ । ਉੱਥੇ ਰੱਬ ਦੀ ਮਿਹਰ ਨਾਲ ਵਾਹਵਾ ਗਿਣਤੀ ਵਿੱਚ ਬੈਅਤਾਂ ਹਾਸਲ ਹੋਈਆਂ । ਉੱਥੇ ਇਕ ਕੱਚੀ ਮਸਜਿਦ ਵਿੱਚ ਇਕ ਮੁਅਲੱਮ ਸਾਹਬ ਨੂੰ ਨਿਯੁਕਤ ਕੀਤਾ ਗਿਆ । ਬਕਾਇਦਾ ਜੁਮਏ ਦੀ ਨਮਾਜ਼ ਦਾ ਆਯੋਜਨ ਅਰੰਭ ਕੀਤਾ ਗਿਆ ਪਰ ਗ਼ੈਰ ਅਹਮਦੀ ਮੌਲਵੀ ਨੇ ਫ਼ਿਤਨਾ ਫ਼ਸਾਦ ਸ਼ੁਰੂ ਕਰ ਦਿੱਤਾ ਅਤੇ ਐਨ ਜੁਮਏ ਦੀ ਨਮਾਜ਼ ਸਮੇਂ ਮਸਜਿਦ ਵਿੱਚ ਆਣਕੇ ਲੋਕਾਂ

ਨੂੰ ਭੜਕਾਇਆ ਤੇ ਅਹਮਦੀਅਤ ਤੋਂ ਦੂਰ ਕਰਨ ਦਾ ਜਤਨ ਕੀਤਾ ਪਰ ਜਮਾਤ ਵਿੱਚ ਨਿਰੰਤਰ ਵਾਧਾ ਹੁੰਦਾ ਰਿਹਾ । ਅਖੀਰ ਮੌਲਵੀ ਤੋਂ ਕੁਝ ਨ ਬਣ ਸਕਿਆ ਤਾਂ ਉਸ ਨੇ ਜਮਾਤ ਅਹਮਦੀਆ ਦੀ ਮਸਜਿਦ ਦੇ ਸਾਹਮਣੇ ਆਪਣੀ ਇਕ ਮਸਜਿਦ ਬਣਵਾਈ ਅਤੇ ਐਲਾਨ ਕੀਤਾ ਕਿ ਅਹਮਦੀਆ ਮਸਜਿਦ ਹੁਣ ਕੇਵਲ ਦਰੀਆਂ ਰਖੱਣ ਦਾ ਸਟੋਰ ਬਣ ਜਾਵੇਗਾ ਅਤੇ ਉੱਥੇ ਕੋਈ ਨਮਾਜ਼ੀ ਨਹੀਂ ਆਏਗਾ ਪਰ ਹੋਇਆ ਇਸ ਦੇ ਵਿਪਰੀਤ । ਉਸ ਦੇ ਘਰ ਦੇ ਰਿਸ਼ਤੇਦਾਰ ਹੀ ਓੱਥੇ ਨਮਾਜ਼ ਪੜ੍ਹਦੇ ਹਨ ਅਤੇ ਸਾਡੀ ਮਸਜਿਦ ਵਿੱਚ ਰੱਬ ਦੀ ਮਿਹਰ ਨਾਲ ਨਮਾਜ਼ੀਆਂ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਇਹ ਲਿਖੱਦੇ ਹਨ ਕਿ ਨਮਾਜ਼ ਜੁਮਏ ਵਿੱਚ ਛੋਟੀ ਜਿਹੀ ਥਾਂ ਵਿੱਚ ਹਾਜ਼ਰੀ ਦੋ ਢਾਈ ਸੌ ਤੱਕ ਹੁੰਦੀ ਹੈ ।

ਹਜ਼ੂਰ ਅਨਵਰ ਨੇ ਇਕ ਹੋਰ ਇਮਾਨ ਭਰਪੂਰ ਘਟਨਾ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ : ਦੁਆਵਾਂ ਕੁਬੂਲ ਕਰਨ ਦੇ ਦ੍ਰਿਸ਼ ਰੱਬ ਕਿਵੇਂ ਦਿਖਾਉਂਦਾ ਹੈ, ਅਨਸਰ ਸਾਹਬ ਮੁਬਲੱਗ਼ ਸਿਲਸਿਲਾ ਬੈਨਿਨ ਲਿਖੱਦੇ ਹਨ ਕਿ ਇਕ ਪਿੰਡ ਆਸੀਵ ਵਿੱਚ ਦੋ ਸੌ ਬੈਅਤਾਂ ਹੋਈਆਂ ਸਨ, ਹੁਣ ਇਸ ਪਿੰਡ ਵਿੱਚ ਹਰ ਜੁਮਏ ਤੇ ਮੰਗਲ ਨੂੰ ਤਰਬੀਯਤੀ ਕਲਾਸ ਹੁੰਦੀ ਹੈ ਓਥੇ ਦੇ ਸਦਰ ਸਾਹਬ ਦੀ ਬੇਟੀ ਜੋ ਕਿਸੇ ਦੂਜੇ ਪਿੰਡ ਵਿੱਚ ਰਹਿੰਦੀ ਸੀ ਸਖ਼ਤ ਬਿਮਾਰ ਹੋ ਗਈ ਅਤੇ ਬਿਮਾਰੀ ਕਰਕੇ ਉਸਦਾ ਸ਼ਰੀਰ ਬੇਜਾਨ ਹੋ ਗਿਆ । ਲੜਕੀ ਨੇ ਬੋਲਣਾ ਤੇ ਹਿਲਣਾ ਬੰਦ ਕਰ ਦਿੱਤਾ ਸੀ, ਉਸ ਲੜਕੀ ਨੂੰ ਹਸਪਤਾਲ ਵੀ ਲੈ ਗਏ ਸਨ ਪਰ ਕਿਸੇ ਇਲਾਜ ਦਾ ਕੋਈ ਅਸਰ ਤੇ ਲਾਭ ਨਹੀਂ ਹੋ ਰਿਹਾ ਸੀ, ਫਿਰ ਨਿਰਾਸ਼ ਹੋਕੇ ਉਸ ਨੂੰ ਘਰ ਵਾਪਸ ਲੈ ਆਏ । ਇਕ ਮੌਲਵੀ ਨੂੰ ਬੁਲਾਇਆ ਜਿਸ ਨੇ ਲੜਕੀ'ਤੇ ਦਮ ਕੀਤਾ, ਇਸ ਦੇ ਬਦਲੇ ਉਸ ਨੇ ਚਾਲ੍ਹੀ ਹਜ਼ਾਰ ਫ਼੍ਰਾਂਕ ਅਤੇ ਇਕ ਬਕਰਾ ਲਿਆ ਪਰ ਲੜਕੀ ਨੂੰ ਆਰਾਮ ਨ ਆਇਆ ਫਿਰ ਇਕ ਮੌਲਵੀ ਨੂੰ ਬੁਲਾਇਆ ਉਸ ਨੇ ਵੀ ਐਨ੍ਹੀ ਹੀ ਵੱਡੀ ਰਕਮ ਲਈ ਪਰ ਕੋਈ ਫ਼ਰਕ ਨਹੀਂ ਪਿਆ ਕਹਿੰਦੇ ਹਨ ਕਿ ਅਸੀਂ ਮੌਲਵੀਆਂ ਤੋਂ ਵੀ ਨਿਰਾਸ਼ ਹੋ ਚੁਕੇ ਸਨ । ਅਸੀਂ ਸੋਚਿਆ ਕਿ ਇਸ ਨੇ ਮਰ ਜਾਣਾ ਹੈ ਫਿਰ ਲੜਕੀ ਨੂੰ ਉਸ ਦੇ ਬਾਪ ਦੇ ਘਰ ਛੱਡ ਆਏ । ਇਉਂ ਜੱਦ ਲੜਕੀ ਨੂੰ ਏਥੇ ਲੈ ਆਏ ਤਾਂ ਲੜਕੀ ਦੇ ਪਿਤਾ ਨੇ ਜਮਾਤ ਨੂੰ ਦੁਆ ਲਈ ਕਿਹਾ ਅਤੇ ਮੈਨੂੰ ਵੀ ਪਤੱਰ ਲਿੱਖਿਆ ਤਾਂ ਇਕ ਦਿਨ ਬਾਦ ਹੀ ਲੜਕੀ ਨੇ ਹਰਕਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਅਗਲੇ ਦਿਨ ਸ਼ਾਮ ਤੱਕ ਰੋਗ ਪੂਰਨ ਰੂਪ ਵਿੱਚ ਉਸ ਦੇ ਸ਼ਰੀਰ ਵਿੱਚੋਂ ਕਿਲ ਗਿਆ ਅਤੇ ਇਹ ਕੋਈ ਵਿਅਕਤੀ ਭਰਮ ਵੀ ਨਹੀਂ ਕਰਦਾ ਸੀ ਕਿ ਜੀਉਂਦੀ ਬਚੇਗੀ ਪਰ ਹੁਣ ਉਸਨੂੰ ਦੇਖਕੇ ਕੋਈ ਨਹੀਂ ਕਹਿ ਕਹਿ ਸਕਦਾ ਕਿ ਇਹ ਲੜਕੀ ਕਦੇ ਬਿਮਾਰ ਹੋਈ ਸੀ । ਇਹ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਦੀ ਇਕ ਦਲੀਲ ਹੈ ।

ਭਾਰਤ, ਓਥੋਂ ਦੇ ਨਾਇਬ ਨਾਜ਼ਿਰ ਦਾਅਵਤ ਇਲਲੱਾਹ ਇਸ ਸਮੇਂ ਲਿਖੱਦੇ ਹਨ ਕਿ ਲਖੀਮਪੁਰ ਸ਼ਹਿਰ ਵਿੱਚ ਇਕ ਮਿਤੱਰ ਅਬਦੁਸ ਸਤੱਾਰ ਸਾਹਬ ਨਾਲ ਰਾਬਤਾ ਹੋਇਆ ਜੱਦ ਉਹਨਾਂ ਨਾਲ ਮੁਲਾਕਾਤ ਹੋਈ ਤਾਂ ਉਹ ਮਿਲਕੇ ਫ਼ੁੱਟ ਫੁਟੱਕੇ ਰੋਣ ਲੱਗ ਪਏ, ਉਹਨਾਂ ਨੇ ਦੱਸਿਆ ਕਿ ਅਸੀਂ ਲੋਕ ਕਰਨ ਪੁਰ ਪਿੰਡ ਦੇ ਰਹਿਣ ਵਾਲੇ ਸੀ ਸਾਡੀ ਜ਼ਮੀਨ 50 ਵਿਘੇ ਸੀ ਸਾਡਾ ਕਾਰੋਬਾਰ ਚੰਗਾ ਸੀ ਅਸੀਂ ਲੋਕ ਬਾਰ੍ਹਾਂ ਸਾਲ ਪਹਿਲਾਂ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ ਸਨ ਪਰ ਬੈਅਤ ਦੇ ਬਾਦ ਹੀ ਸਾਡੀ ਐਨ੍ਹੀ ਵਿਰੋਧਤਾ ਹੋਈ ਕਿ ਵਿਰੋਧੀਆਂ ਨੇ ਸਾਡੇ ਘਰ'ਤੇ ਪਥਰਾਓ ਕੀਤਾ ਅਤੇ ਸਾਡੇ ਘਰਾਂ ਵਿੱਚੋਂ ਸਾਨੂੰ ਕੱਢ ਦਿਤੱਾ । ਮੇਰੇ ਬੇਟੇ ਨੂੰ ਮਾਰ ਮਾਰ ਕੇ ਜ਼ਖ਼ਮੀ ਕਰ ਦਿਤੱਾ ਮੇਰੀ ਪਤਨੀ ਦਾ ਹੱਥ ਤੋੜ ਦਿਤੱਾ । ਐਨ੍ਹੀ ਵਿਰੋਧਤਾ ਹੋਈ ਕਿ ਸਾਨੂੰ ਘਰ ਤੇ ਜ਼ਮੀਨ ਔਨੇ ਪੌਨੇ ਵੇਚਕੇ ਓਥੇ ਨਿਕਲਣਾ ਪਿਆ । ਸਾਰਾ ਕਾਰੋਬਾਰ ਤਬਾਹ ਹੋ ਗਿਆ । ਅਸੀਂ ਓਥੋਂ ਲਖੀਮਪੁਰ ਆਏ ਇਕ ਛੋਟੇ ਜਿਹੇ ਘਰ ਵਿੱਚ ਟਿਕੇ ਪਰ ਵਿਰੋਧੀਆਂ ਨੇ ਏਥੇ ਵੀ ਪਿਛੱਾ ਨ ਛੱਡਿਆ ਉਹ ਏਥੇ ਵੀ ਪਹੁੰਚ ਗਏ ਅਤੇ ਸ਼ਹਿਰ ਦੇ ਮੁਸਲਮਾਨਾ ਨੂੰ ਭੜਕਾ ਦਿਤੱਾ । ਪੂਰੇ ਸ਼ਹਿਰ ਵਿੱਚ ਕੋਈ ਇਕ ਮੁਸਲਮਾਨ ਵੀ ਸਾਡੇ ਨਾਲ ਗੱਲ ਨਹੀਂ ਕਰਦਾ ਸੀ । ਆਉਂਦੇ ਜਾਂਦੇ ਸਾਨੂੰ ਤੰਗ ਕੀਤਾ ਜਾਂਦਾ । ਇਸ ਸਮੇਂ ਦੌਰਾਨ ਜਮਾਤ ਨਾਲ ਰਾਬਤਾ ਵੀ ਕੱਟ

ਗਿਆ ਪਰ ਰੱਬ ਨੇ ਸਾਨੂੰ ਜਮਾਤ ਦੀ ਸਚੱਾਈ ਦਾ ਇਕ ਮਹਾਨ ਨਿਸਾਨ ਦਿਖਾਇਆ ਕਿ ਸਾਡੀ ਵਿਰੋਧਤਾ ਵਿੱਚ ਮੋਹਰੇ ਰਹਿਣ ਵਾਲੇ ਵੱਡੇ ਵਿਰੋਧੀ ਜੋ ਇਕ ਬਸ ਵਿੱਚ ਸਵਾਰ ਹੋਕੇ ਕਿਸੇ ਵਿਆਹ ਵਿੱਚ ਜਾ ਰਹੇ ਸਨ ਕਿ ਉਹਨਾ ਦੀ ਬਸ ਰੇਲਵੇ ਫਾਟਕ ਵਿੱਚ ਵਿੱਚ ਫਸ ਗਈ ਅਤੇ ਟ੍ਰੇਨ ਨਾਲ ਟਕਾਰਈ ਜਿਸ ਦੇ ਸਿੱਟੇ ਵਿੱਚ ਅਠਾਈ ਲੋਕ ਮੌਕੇ ਉਪੱਰ ਹੀ ਹਲਾਕ ਹੋ ਗਏ ਅਤੇ ਬਚਣ ਵਾਲੇ ਵੀ ਪੂਰੀ ਤਰ੍ਹਾਂ ਜ਼ਖ਼ਮੀ ਹੋ ਗਏ । ਲਾਸ਼ਾਂ ਦਾ ਐਨ੍ਹਾ ਭੈੜਾ ਹਾਲ ਸੀ ਕਿ ਪਛਾਣੀਆਂ ਨਹੀਂ ਜਾਂਦੀਆਂ ਸਨ । ਦੂਰ ਦੂਰ ਤੱਕ ਸ਼ਰੀਰ ਦੇ ਟੁਕੜੇ ਫੈਲੇ ਹੋਏ ਸਨ । ਵਿਰੋਧੀਆਂ ਵਿੱਚੋਂ ਇਕ ਇਕ ਘਰ ਵਿੱਚੋਂ ਨੌ ਨੌ ਲਾਸ਼ਾ ਨਿਕਲੀਆਂ । ਜੱਦ ਸਾਨੂੰ ਇਸ ਗੱਲ ਦਾ ਪਤਾ ਲਗੱਾ ਤਾਂ ਅਸੀਂ ਜ਼ਖ਼ਮੀਆਂ ਨੂੰ ਮਿਲਣ ਲਈ ਹਸਪਤਾਲ ਪਹੁੰਚੇ । ਉਸ ਸਮੇਂ ਵਿਰੋਧੀ ਰਿਸ਼ਤੇਦਾਰ ਸ਼ਰਮ ਦੇ ਮਾਰੇ ਸਾਡੇ ਕੋਲੋਂ ਮੂੰਹ ਲੁਕਾਉਣ ਲੱਗੇ । ਇਸ ਹਾਦਸੇ ਦੇ ਬਾਦ ਲਖੀਮਪੁਰ ਸ਼ਹਿਰ ਦੀ ਵੱਡੀ ਮਸਜਿਦ ਦੇ ਇਕ ਮੌਲਵੀ ਨੇ ਇਹਨਾਂ ਵਿਰੋਧੀਆਂ ਨੂੰ ਜੋ ਬੱਚ ਗਏ ਸਨ ਅਤੇ ਕਹਿੰਦੇ ਹਨ ਅਬਦੁਸ ਸਤੱਾਰ ਸਾਹਬ ਦੀ ਫ਼ੈਮਲੀ ਨੂੰ ਮਸਜਿਦ ਵਿੱਚ ਬੁਲਾਇਆ । ਮੌਲਵੀ ਸਾਹਬ ਨੇ ਵਿਰੋਧੀਆਂ ਨੂੰ ਕਿਹਾ ਕਿ ਆਪ ਲੋਕ ਇਹਨਾਂ ਅਹਮਦੀਆਂ ਤੋਂ ਮੁਆਫ਼ੀ ਮੰਗਣ ਅਤੇ ਇਹਨਾਂ ਦੀ ਵਿਰੋਧਤਾ ਛੱਡ ਦੇਣ ਆਪ ਲੋਕਾਂ ਨੇ ਜੋ ਸੰਬੰਧ ਤੋੜੇ ਹੋਏ ਹਨ ਉਹ ਵੀ ਖ਼ਤਮ ਕਰਨ । ਇਉਂ ਇਸ ਹਾਦਸੇ ਦੇ ਬਾਦ ਵਿਰੋਧਤਾ ਬਿਲਕੁਲ ਢੰਡੀ ਪੈ ਗਈ ਹੈ । ਅਤੇ ਕਹਿੰਦੇ ਹਨ ਕਿ ਸਾਡਾ ਜਮਾਤ ਨਾਲ ਰਾਬਤਾ ਟੁਟੱਾ ਹੋਇਆ ਸੀ ਪਰ ਦਿਲੋਂ ਅਹਮਦੀ ਹੀ ਸੀ ਇਸ ਰਾਬਤੇ ਦੀ ਬਹਾਲੀ ਦੇ ਬਾਦ ਬਹੁਤ ਖ਼ੁਸ਼ ਹੋਏ ਅਤੇ ਨਵੇਂ ਸਿਰਿਓਂ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ । ਅਲੱਾਹ ਤਆਲਾ ਉਹਨਾਂ ਲੋਕਾਂ ਨੂੰ ਜੋ ਇਕ ਵਾਰ ਅਹਮਦੀ ਹੁੰਦੇ ਹਨ ਅਤੇ ਹਕੀਕੀਤ ਨੂੰ ਸਮਝਕੇ ਅਮਹਦੀ ਹੁੰਦੇ ਹਨ ਫਿਰ ਇਮਾਨਾ ਵਿੱਚ ਮਜ਼ਬੂਤੀ ਵੀ ਪ੍ਰਦਾਨ ਕਰਦਾ ਹੈ ।

ਮੈਂ ਨੌਮੁਬਾਈਨ (ਨਵੇਂ ਅਹਮਦੀ) ਉਪੱਰ ਜ਼ੁਲਮ ਅਤੇ ਫਿਰ ਵੀ ਇਮਾਨ ਉਪੱਰ ਕਾਇਮ ਰਹਿਣ ਦੀ ਇਕ ਉਧਾਰਣ ਤਾਂ ਪਹਿਲਾਂ ਵੀ ਭਾਰਤ ਦੀ ਵਰਨਣ ਕੀਤੀ ਹੈ । ਇਸੇ ਪ੍ਰਕਾਰ ਇਕ ਹੋਰ ਉਧਾਰਣ ਯੂਪੀ ਦੇ ਇਕ ਪਿੰਡ ਦੀ ਹੈ। ਓਥੇ ਸਾਰੇ ਪਿੰਡ ਨੇ ਬੈਅਤ ਕੀਤੀ ਸੀ ਪਰ ਬਾਦ ਵਿੱਚ ਕਰੜੀ ਵਿਰੋਧਤਾ ਕਰਕੇ ਪੂਰਾ ਪਿੰਡ ਪਿੱਛੇ ਹੱਟ ਗਿਆ ਸੀ ਪਰ ਇਕ ਮਿਤੱਰ ਮੁਹਮੱਦ ਹਨੀਫ਼ ਸਾਹਬ ਅਹਮਦੀਅਤ ਉਪੱਰ ਕਾਇਮ ਰਹੇ । ਵਿਰੋਧੀਆਂ ਨੇ ਓਹਨਾਂ ਦੀ ਬਹੁਤ ਵਿਰੋਧਤਾ ਕੀਤੀ ਪਰ ਉਹਨਾਂ ਨੇ ਆਪਣਾ ਇਮਾਨ ਬਚਾਈ ਰੱਖਿਆ । ਇਸੇ ਵਿਰੋਧਤਾ ਦੌਰਾਨ ਹਨੀਫ਼ ਸਾਹਬ ਦਾ ਬੇਟਾ ਫ਼ੌਤ ਹੋ ਗਿਆ । ਵਿਰੋਧੀਆਂ ਨੇ ਉਹਨਾਂ ਦੇ ਬੇਟੇ ਨੂੰ ਕਬ੍ਰਸਤਾਨ ਵਿੱਚ ਦਫ਼ਨਾਏ ਜਾਣ ਤੇ ਜਨਾਜ਼ਾ ਪੜ੍ਹਨ ਤੋਂ ਇਨਕਾਰ ਕਰ ਦਿਤੱਾ ਅਤੇ ਉਸ ਨੂੰ ਕਿਹਾ ਕਿ ਜੇਕਰ ਤੁਸੀਂ ਅਹਮਦੀਅਤ ਤੋਂ ਤੋਬਾ ਕਰ ਲਓਗੇ ਤਾਂ ਹੀ ਅਸੀਂ ਤੁਹਾਡੇ ਬੇਟੇ ਦਾ ਜਨਾਜ਼ਾ ਪੜ੍ਹਾਂਗੇ ਅਤੇ ਕਬ੍ਰਸਤਾਨ ਵਿੱਚ ਦਫ਼ਨਾਏ ਜਾਣ ਦੀ ਅਗਿਆ ਦਿਆਂਗੇ, ਪਰ ਹਨੀਫ਼ ਸਾਹਬ ਮਜ਼ਬੂਤੀ ਨਾਲ ਕਾਇਮ ਰਹੇ ਅਤੇ ਆਪਣੇ ਬੱਚਿਆਂ ਨੂੰ ਨਾਲ ਲੈਕੇ ਜਨਾਜ਼ਾ ਪੜ੍ਹਕੇ ਆਪਣੇ ਬੇਟੇ ਨੂੰ ਆਪਣੇ ਹੀ ਘਰ ਵਿੱਚ ਦਫ਼ਨ ਕਰ ਦਿਤੱਾ । ਫਿਰ ਜੱਦ ਉਹਨਾ ਦਾ ਜਮਾਤ ਨਾਲ ਰਾਬਤਾ ਬਹਾਲ ਹੋਇਆ ਤਾਂ ਮਿਲਕੇ ਅਖੱਾਂ ਵਿੱਚ ਹੰਝੂ ਭਰ ਗਏ ਅਤੇ ਆਪਣੀ ਫ਼ੈਮਲੀ ਸਮੇਤ ਮੁੜ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ । ਜੱਦ ਉਹਨਾਂ ਨੂੰ ਪੁੱਛਿਆ ਗਿਆ ਕਿ ਆਪਨੇ ਮਰਕਜ਼ ਨਾਲ ਰਾਬਤਾ ਕਿਉ ਨਹੀਂ ਕੀਤਾ ਤਾਂ ਕਹਿਣ ਲੱਗੇ ਕਿ ਲੋਕਾਂ ਨੇ ਸਾਨੂੰ ਦੱਸਿਆ ਸੀ ਕਿ ਕਾਦੀਆਨੀਆਂ ਦਾ ਕੇਂਦਰ ਤਾਂ ਲਖਨਉ ਵਿੱਚ ਸੀ ਜੋ ਉਜੱੜ ਗਿਆ ਹੈ, ਉਹਨਾਂ ਦਾ ਮਦਰਸਾ ਵੀ ਬੰਦ ਹੋ ਗਿਆ ਹੈ ਕੋਈ ਨਹੀਂ ਰਿਹਾ ਅਤੇ ਕਾਦੀਆਂ ਦਾ ਰਾਬਤਾ ਸਾਡੇ ਕੋਲ ਨਹੀਂ ਸੀ ਪਰ ਇਸ ਦੇ ਬਾਦ ਵੀ ਇਮਾਨ ਵਿੱਚ ਮਜ਼ਬੂਤੀ ਸੀ, ਉਹ ਕਾਇਮ ਰਹੇ ਉਹਨਾਂ ਨੂੰ ਰੱਬ ਨੇ ਹਿਦਾਇਤ ਦੇਣੀ ਸੀ ਤੇ ਹਿਦਾਇਤ ਉਪੱਰ ਕਾਇਮ ਵੀ ਰੱਖਿਆ, ਜੋ ਕਿਸੇ ਉਦੇਸ਼ ਲਈ ਅਹਮਦੀ ਹੋਏ ਸਨ ਬੈਅਤਾਂ ਕੀਤੀਆਂ ਸਨ, ਉਹ ਸਾਰੇ ਫਿਰ ਗਏ ਅਤੇ ਜਮਾਤ ਛੱਡ ਦਿੱਤੀ ।

ਬੈਅਤ ਦੇ ਬਾਦ ਅਸਧਾਰਣ ਤਬਦੀਲੀਆਂ ਵੀ ਲੋਕਾਂ ਵਿੱਚ ਹੁੰਦੀਆਂ ਹਨ । ਉਜ਼ਬੇਕਿਸਤਾਨ ਦੇ ਇਕ ਨਵੇਂ ਅਹਮਦੀ ਮਿੱਤਰ ਜ਼ਹੀਰ ਵਾਹਿਦ ਸਾਹਬ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੂਰਤ ਫ਼ਾਤਿਹਾ ਦੀ ਵਿਆਖਿਆ ਜਾਨਣ ਦੇ ਬਾਦ ਮੇਰਾ ਤਾਂ ਨਮਾਜ਼ ਪੜ੍ਹਨ ਦਾ ਤਰੀਕਾ ਹੀ ਬਦਲ ਗਿਆ ਹੈ, ਹੁਣ ਮੈਂਨੂੰ ਨਮਾਜ਼ ਵਿੱਚ ਉਹ ਕੁਝ ਮਿਲਦਾ ਹੈ ਜੋ ਪਹਿਲਾ ਕਦੇ ਵੀ ਨਹੀਂ ਮਿਲਦਾ ਸੀ । ਵਿਸ਼ੇਸ਼ ਰੂਪ ਵਿੱਚ ਮੈਂਨੂੰ ਉਸ ਹਦੀਸ ਦੀ ਵਿਆਖਿਆ ਨੇ ਬਹੁਤ ਲਾਭ ਦਿਤੱਾ ਹੈ ਜੋ ਪਹਿਲਾਂ ਮੈਂਨੂੰ ਸਮਝ ਨਹੀਂ ਆਉਂਦੀ ਸੀ, ਜਿਸ ਵਿੱਚ ਉਪੱਕਾਰ ਦਾ ਅਰਥ ਦੱਸਿਆ ਗਿਆ ਹੈ ।

ਬੋਲੀਵੀਯਾ ਦੇ ਮੁਬਲੱਗ਼ ਗ਼ਾਲਬ ਸਾਹਬ ਲਿਖੱਦੇ ਹਨ ਕਿ ਵਿਲੀਯੱਮ ਸ਼ਾਹੀਨ ਜੋ ਯਹੋਵਾਹ ਵਿਟਨਸ ਫਿਰਕੇ ਦੇ ਇਕ ਪਾਦਰੀ ਸਨ ਉਹਨਾਂ ਦਾ ਸੰਬੰਧ ਲਿਬਨਾਨ ਨਾਲ ਹੈ ਅਤੇ ਪੈਦਾਇਸ਼ੀ ਇਸਾਈ ਸਨ ਬੀਤੇ ਤਿੰਨ ਸਾਲ ਤੋਂ ਬੋਲੀਵੀਯਾ ਵਿੱਚ ਸਿਥਿਰ ਸਨ । ਮੈਂ ਇਸਾਈਯਤ ਦੇ ਇਸ ਫ਼ਿਰਕੇ ਬਾਰੇ ਜਾਨਕਾਰੀ ਪ੍ਰਾਪਤ ਕਰਨ ਲਈ ਇਹਨਾ ਨਾਲ ਮੀਟਿੰਗ ਤੈਅ ਕੀਤੀ । ਜੱਦ ਸਾਡੀ ਪਹਿਲੀ ਮੀਟਿੰਗ ਹੋਈ ਤਾਂ ਉਹਨਾਂ ਨੇ ਆਪਣੇ ਫਿਰਕੇ ਬਾਰੇ ਦਸੱਣ ਦੀ ਥਾਂ ਮੈਥੋਂ ਇਸਲਾਮ ਅਹਮਦੀਅਤ ਬਾਰੇ ਪ੍ਰਸ਼ਨ ਪੁਛੱਣੇ ਸ਼ੁਰੂ ਕਰ ਦਿੱਤੇ । ਇਉਂ ਇਸ ਪਹਿਲੀ ਮੀਟਿੰਗ ਵਿੱਚ ਜਮਾਤ ਦੇ ਅਕੀਦੇ ਪੇਸ਼ ਕੀਤੇ ਗਏ ਵਿਸ਼ੇਸ਼ ਰੂਪ ਵਿੱਚ ਹਜ਼ਰਤ ਈਸਾ ਦਾ ਵਿਸਥਾਰ ਨਾਲ ਵਰਨਣ ਹੋਇਆ ਕਹਿੰਦੇ ਹਨ ਮੈਂ ਓਹਨਾਂ ਨੂੰ ਜੁਮਏ ਵਿੱਚ ਸ਼ਾਮਲ ਹੋਣ ਦੀ ਦਾਅਵਤ ਦਿੱਤੀ ਤਾਂ ਉਹ ਬਕਾਇਦਗੀ ਨਾਲ ਜੁਮਏ ਵਿੱਚ ਆਉਣ ਲੱਗ ਪਏ । ਹਰ ਵਾਰ ਜੁਮਏ ਦੇ ਦਿਨ ਉਹਨਾਂ ਨਾਲ ਵਿਸਥਾਰ ਨਾਲ ਗੱਲਬਾਤ ਹੁੰਦੀ ਰਹੀ । ਵੀਲੀਯੱਮ ਸਾਹਬ ਨੂੰ ਚਿੰਤਾ ਸੀ ਕਿ ਜੇਕਰ ਉਹ ਜਮਾਤ ਵਿੱਚ ਦਾਖ਼ਲ ਹੋਏ ਤਾਂ ਉਹਨਾਂ ਦੇ ਮਾਤਾ ਪਿਤਾ ਤੇ ਚਰਚ ਵਾਲੇ ਵੀ ਵਿਰੋਧਤਾ ਕਰਨਗੇ ਅਤੇ ਇਸ ਪ੍ਰਕਾਰ ਉਹਨਾਂ ਨੂੰ ਨਵੀਂ ਨੌਕਰੀ ਵਿੱਚ ਢੂੰਡਣੀ ਪਏਗੀ ਪਰ ਦੂਜੇ ਪਾਸੇ ਸਚੱਾਈ ਦੀ ਭਾਲ ਨੂੰ ਵੀ ਮਹਤੱਾ ਦਿੰਦੇ ਸਨ । ਇਹ ਅਰਬੀ ਸਮਝ ਸਕਦੇ ਸਨ ਇਸ ਲਈ ਉਹਨਾਂ ਨੇ ਜਮਾਤ ਦੀ ਵੈਬਸਾਈਟ ਉਪੱਰ ਅਰਬੀ ਕਿਤਾਬਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿਤੱਾ । ਇਸ ਅਧਿਐਨ ਦੇ ਬਾਦ ਕਹਿਣ ਲੱਗੇ ਕਿ ਉਹ ਬਹੁਤ ਦੇਰ ਤੋਂ ਸਚੱਾਈ ਦੀ ਭਾਲ ਵਿੱਚ ਸਨ ਅਤੇ ਹੁਣ ਸਚੱਈ ਮਿਲ ਗਈ ਹੈ, ਇਸ ਲਈ ਵਿਰੋਧਤਾ ਤੇ ਬੇਰੋਜ਼ਗਾਰੀ ਦੀ ਪਰਵਾਹ ਕੀਤੇ ਬਿਨਾ ਰੱਬ ਦੀ ਮਿਹਰ ਨਾਲ ਇਕ ਦਿਨ ਜੁਮਏ ਦੇ ਬਾਦ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਗਏ ।

ਹਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਬਿਨਸਰਿ ਹਿਲ ਅਜ਼ੀਜ਼ ਨੇ ਅਹਮਦੀਅਤ ਕੁਬੂਲ ਕਰਨ ਦੀਆਂ ਅਨੇਕਾਂ ਘਟਨਾਵਾਂ ਵਰਨਣ ਕੀਤੀਆਂ ਅਤੇ ਅਖੀਰ ਵਿੱਚ ਫ਼ਰਮਾਇਆ : ਅਲੱਾਹ ਤਆਲਾ ਸਾਨੂੰ ਤੌਫ਼ੀਤ ਪਅਦਾਨ ਕਰੇ ਕਿ ਅਸੀਂ ਇਹ ਸੰਦੇਸ਼ ਪਹੁੰਚਾਈਏ ਜੋ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਰਾਹੀਂ ਰੱਬ ਨੇ ਦੁਨੀਆਂ ਵਿੱਚ ਪਹੁੰਚਾਉਣ ਲਈ ਸਾਨੂੰ ਕਿਹਾ ਹੈ ਉਸ ਨੂੰ ਪਹੁੰਚਾਉਣ ਵਾਲੇ ਬਣ ਸਕੀਏ ।

**Khulasa Khutba Jumma 6.10.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131